| | | |
|---|---|---|
| | BCM SCHOOL BASANT AVENUE DUGRI ROAD, LUDHIANA<br>Punjabi Assignment<br>Class VII | |
| ਪ੍ਰਸ਼ਨ 1 | ਹੇਠਾਂ ਦਿੱਤੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।<br>ਪ੍ਰਕਿਰਤੀ ਸਾਡੀ ਜੀਵਨ ਰੇਖਾ ਹੈ। ਦਰੱਖਤ, ਪਾਣੀ, ਹਵਾ ਅਤੇ ਮਿੱਟੀ ਸਾਡੇ ਜੀਵਨ ਲਈ ਬਹੁਤ ਜ਼ਰੂਰੀ ਹਨ। ਪਰ ਆਧੁਨਿਕ ਯੁੱਗ ਵਿੱਚ ਮਨੁੱਖ ਨੇ ਪ੍ਰਕਿਰਤੀ ਨਾਲ ਖਿਲਵਾੜ ਕਰਨਾ ਸ਼ੁਰੂ ਕਰ ਦਿੱਤਾ ਹੈ। ਦਰੱਖਤਾਂ ਦੀ ਕਟਾਈ ਅਤੇ ਪ੍ਰਦੂਸ਼ਣ ਕਾਰਨ ਵਾਤਾਵਰਣ ਖ਼ਰਾਬ ਹੋ ਰਿਹਾ ਹੈ। ਜੇਕਰ ਅਸੀਂ ਪ੍ਰਕਿਰਤੀ ਦੀ ਸੰਭਾਲ ਨਹੀਂ ਕਰਾਂਗੇ ਤਾਂ ਭਵਿੱਖ ਵਿੱਚ ਸਾਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਇਸ ਲਈ ਸਾਨੂੰ ਦਰੱਖ਼ਤ ਲਗਾਉਣੇ ਚਾਹੀਦੇ ਹਨ ਅਤੇ ਪਾਣੀ ਦੀ ਬੱਚਤ ਕਰਨੀ ਚਾਹੀਦੀ ਹੈ।<br>1. ਪ੍ਰਕਿਰਤੀ ਸਾਡੀ ਕੀ ਹੈ?<br>A) ਖੇਡਣ ਦੀ ਚੀਜ਼<br>B) ਜੀਵਨ ਰੇਖਾ<br>C) ਪੈਸੇ ਦੀ ਵਸਤੂ<br>D) ਮਨੋਰੰਜਨ ਦਾ ਸਾਧਨ<br>2. ਵਾਤਾਵਰਣ ਖ਼ਰਾਬ ਹੋਣ ਦਾ ਮੁੱਖ ਕਾਰਨ ਕੀ ਹੈ?<br>A) ਮੀਂਹ<br>B) ਦਰੱਖਤਾਂ ਦੀ ਕਟਾਈ ਅਤੇ ਪ੍ਰਦੂਸ਼ਣ<br>C) ਧੁੱਪ<br>D) ਠੰਢ<br><br>3. ਭਵਿੱਖ ਵਿੱਚ ਮੁਸ਼ਕਲਾਂ ਤੋਂ ਬਚਣ ਲਈ ਕੀ ਕਰਨਾ ਚਾਹੀਦਾ ਹੈ?<br>A) ਕੁਝ ਨਹੀਂ ਕਰਨਾ<br>B) ਦਰੱਖਤ ਕੱਟਣੇ<br>C) ਪ੍ਰਕਿਰਤੀ ਦੀ ਸੰਭਾਲ ਕਰਨੀ<br>D) ਪਾਣੀ ਬਰਬਾਦ ਕਰਨਾ<br><br>4. ਪਾਣੀ ਨਾਲ ਕੀ ਕਰਨਾ ਚਾਹੀਦਾ ਹੈ?<br>A) ਬਰਬਾਦ ਕਰਨਾ<br>B) ਵੇਚਣਾ<br>C) ਬੱਚਤ ਕਰਨੀ<br>D) ਗੰਦਾ ਕਰਨਾ<br>5. ਇਸ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਕੀ ਹੈ?<br>A) ਖੇਡਾਂ<br>B) ਪ੍ਰਕਿਰਤੀ ਦੀ ਮਹੱਤਤਾ<br>C) ਪੈਸਾ<br>D) ਸ਼ਹਿਰ | |
| ਪ੍ਰਸ਼ਨ 2 | ਵਿਆਕਰਨ<br>1.ਆਮ ਬੋਲ ਚਾਲ ਦੀ ਬੋਲੀ ਦੀ ਪ੍ਰੀਭਾਸ਼ਾ ਲਿਖੋ?<br>2. ਅੰਤਰਰਾਸ਼ਟਰੀ ਭਾਸ਼ਾ ਬਾਰੇ ਜਾਣਕਾਰੀ ਦਿਓ?<br>3. ਪੰਜਾਬੀ ਦੀਆਂ ਵੱਖ-ਵੱਖ ਉਪ ਭਾਸ਼ਾਵਾਂ ਬਾਰੇ ਵਿਸਥਾਰ ਵਿੱਚ ਲਿਖੋ।<br>4. ਕਿਹੜੀ ਭਾਸ਼ਾ ਸ਼ੁੱਧ ਹੁੰਦੀ ਹੈ?<br>A. ਟਕਸਾਲੀ ਭਾਸ਼ਾ B. ਬੋਲ ਚਾਲ ਦੀ ਭਾਸ਼ਾ C.ਉਪਭਾਸਾ D. ਆਮ ਬੋਲ ਚਾਲ ਦੀ ਬੋਲੀ<br>5. ਮਾਝੀ ਉਪਭਾਸ਼ਾ ਦੇ ਖੇਤਰ ਚੁਣੋ।<br>A. ਜਲੰਧਰ ਕਪੂਰਥਲਾ B. ਗੁਰਦਾਸਪੁਰ ਅੰਮ੍ਰਿਤਸਰC. ਫ਼ਰੀਦਕੋਟ ਫਿਰੋਜ਼ਪੁਰ D. ਪਟਿਆਲਾ ਮੁ ਇਸਹਾਲੀ | |
| ਪ੍ਰਸ਼ਨ 3 | ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ।<br>1.ਪੁਰਾਤਨ ਪੰਜਾਬ ਵਿੱਚ ਵਗਦੇ ਦਰਿਆਵਾਂ ਦੇ ਨਾਂ ਲਿਖੋ।<br>2.ਰਹਿਮਤ ਕੌਣ ਸੀ?<br>3.ਕਾਬਲੀਵਾਲੇ ਦੀ ਜੇਬ ਵਿੱਚ ਕੀ ਸੀ? | |

| | | |
|---|---|---|
| ਪ੍ਰਸ਼ਨ 4 | ਕਹਾਣੀ ਦੇ ਅੰਤ ਵਿੱਚ ਰਹਿਮਤ ਮਿੰਨੀ ਬਾਰੇ ਕੀ ਸੋਚਦਾ ਹੈ? | |
| ਪ੍ਰਸ਼ਨ 5 | ਅਭਿਆਸ ਕਾਰਜ<br>ਸ਼ਬਦ ਅਰਥ - ਬੇਤਾਬ, ਝੱਲੇ, ਅਠਿਆਨੀ, ਹਉਕਾ<br>ਵਾਕ ਬਣਾਓ - ਅਜ਼ਾਦੀ, ਝਿਜਕ, ਪੁਸ਼ਾਕ, ਧੀਮੀਂ | |
| ਪ੍ਰਸ਼ਨ 6 | ਬੁੱਧੀ ਸਰੀਰਕ ਬਲ ਨਾਲੋਂ ਤਾਕਤਵਰ ਹੁੰਦੀ ਹੈ ਵਿਸ਼ੇ ਉੱਪਰ ਕਹਾਣੀ ਲਿਖੋ। | |